ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-1 ਸ਼ਾਖਾ)

## ਦਫ਼ਤਰੀ ਹੁਕਮ

ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਹੁਣ ਰਿਟਾ:) ਨੂੰ ਸਰਕਾਰ ਦੇ ਪੱਤਰ ਨੰ: 18/08/2012/1ਸਿੰਪ੍ਰੋ(1)/2535, ਮਿਤੀ 05.10.2012 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

2. ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਹੁਣ ਰਿਟਾ:) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ-8 ਅਧੀਨ ਜਾਰੀ ਕੀਤੀ ਗਈ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਨੂੰ, ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਪੜਤਾਲੀਆ ਅਫ਼ਸਰ ਵੱਲੋਂ ਸਿੱਧ ਹੋਣਾ ਪਾਇਆ ਗਿਆ। ਜਿਸ ਦੇ ਸਨਮੁੱਖ ਮੁਕੰਮਲ ਪ੍ਰਕਿਰਿਆਵਾਂ ਅਪਣਾਉਂਦੇ ਹੋਏ, ਸਰਕਾਰ/ਸਮਰੱਥ ਅਥਾਰਟੀ ਵੱਲੋਂ ਆਪਣੇ ਪੱਤਰ ਨੰ: 18/08/2012-1ਸਿੰਪ੍ਰੋ(1)/195-198, ਮਿਤੀ 25.01.2013 ਰਾਹੀਂ ਸਬੰਧਤ ਅਧਿਕਾਰੀ (ਹੁਣ ਰਿਟਾ:) ਦੀਆਂ ਤਿੰਨ ਸਲਾਨਾਂ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ ਸਜ਼ਾ ਦਿੱਤੀ ਗਈ ਸੀ।

3. ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਹੁਣ ਰਿਟਾ:) ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੀ.ਓ.ਸੀ.ਪੀ. ਨੰ: 1166/2012-ਮਦਨ ਲਾਲ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਹਲਫ਼ੀਆ ਬਿਆਨ/ਅੰਡਰਟੇਕਿੰਗ ਦਿੱਤੀ ਗਈ ਕਿ ਉਹ ਇਸ ਸਜ਼ਾ (03 ਸਲਾਨਾਂ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ) ਨੂੰ ਪੂਰਨ ਤੌਰ ਤੇ ਮੰਨਦਾ ਹੈ ਅਤੇ ਇਸ ਸਜ਼ਾ ਨੂੰ ਅਦਾਲਤ ਵਿੱਚ ਚੈਲੰਜ ਨਹੀਂ ਕਰੇਗਾ। ਅਧਿਕਾਰੀ ਵੱਲੋਂ ਦਿੱਤੇ ਗਏ ਹਲਫ਼ੀਆ-ਬਿਆਨ ਦੇ ਅਧਾਰ ਤੇ ਮਾਨਯੋਗ ਹਾਈਕੋਰਟ ਵੱਲੋਂ ਸੀ.ਓ.ਸੀ.ਪੀ. ਨੰ: 1166/2012 ਦਾ ਨਿਪਟਾਰਾ ਕਰ ਦਿੱਤਾ ਗਿਆ ਸੀ।

4. ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਹੁਣ ਰਿਟਾ:) ਦੁਆਰਾ ਆਪਣੇ ਪੱਤਰ ਮਿਤੀ 09.07.2013 ਅਤੇ ਸਮੇ-ਸਮੇਂ ਤੇ ਹੋਰਨਾਂ ਪੱਤਰਾਂ ਰਾਹੀਂ ਆਪਣੀਆਂ ਭਵਿੱਖੀ ਅਸਰ ਸਹਿਤ ਬੰਦ ਕੀਤੀਆਂ ਗਈਆਂ ਤਿੰਨ ਸਲਾਨਾਂ ਤਰੱਕੀਆ ਦੇ ਹੁਕਮਾਂ ਨੂੰ ਰੀਵਿਊ ਕਰਨ ਪ੍ਰਤੀਬੇਨਤੀਆਂ/ਅਪੀਲਾਂ ਦਿੱਤੀਆਂ ਗਈਆਂ। ਜਿਨ੍ਹਾਂ ਨੂੰ ਵੱਖਰੇ-ਵੱਖਰੇ ਸਮਿਆਂ ਤੇ ਵਿਚਾਰਦੇ ਹੋਏ, ਕਾਨੂੰਨੀ ਮਸ਼ੀਰ, ਪੰਜਾਬ ਅਤੇ ਐਡਵੋਕੇਟ ਜਨਰਲ, ਪੰਜਾਬ ਪਾਸੋਂ ਉਹਨਾਂ ਦੀਆਂ ਸਲਾਹਾਂ ਪ੍ਰਾਪਤ ਕੀਤੀਆਂ ਗਈਆਂ। ਕਾਨੂੰਨੀ ਮਸ਼ੀਰ, ਪੰਜਾਬ ਵੱਲੋਂ ਦਿੱਤੀ ਗਈ ਸਲਾਹ ਦੇ ਓਪਰੇਟਿਵ ਪਾਰਟ ਨਿਮਨ ਅਨੁਸਾਰ ਦਰਸਾਇਆ ਜਾਂਦਾ ਹੈ:-

> "...............it is advised to the A.D. that Sh.Ashwani Kumar cannot file a departmental appeal because once he had given undertaking in the affidavit filed in the Hon'ble High Court that he will not challenged the punishment order in the Court of law, as such, it attains the finality before the Court of law, so it cannot be challenged/reviewed before any other forum, even the review committee of department."

ਇਸੇ ਤਰ੍ਹਾਂ, ਐਡਵੋਕੇਟ ਜਨਰਲ, ਪੰਜਾਬ ਵੱਲੋਂ ਦਿੱਤੀ ਗਈ ਸਲਾਹ ਦਾ ਓਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਦਰਸਾਇਆ ਜਾਂਦਾ ਹੈ:-

> "After going through the documents and record being made available to me, I am of the considered opinion that such kind of application for review would not be permissible at all. The Contempt Petition was disposed of on the basis of affidavit filed by Sh. Ashwani Kumar Sharma and the Hon'ble Court has also recorded the finding as stated above and it was based upon such facts that the Contempt Petition

was disposed of. Now filing of review application against the punishment order and entertaining the same would according to me not permissible under the law."

5. ਜਿਵੇਂ ਕਿ, ਕਾਨੂੰਨੀ ਮਸ਼ੀਰ, ਪੰਜਾਬ, ਚੰਡੀਗੜ੍ਹ ਅਤੇ ਐਡਵੋਕੇਟ ਜਨਰਲ, ਪੰਜਾਬ, ਚੰਡੀਗੜ੍ਹ ਵੱਲੋਂ ਦਿੱਤੀਆਂ ਸਲਾਹਾਂ ਦੇ ਸਨਮੁੱਖ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਹੁਣ ਰਿਟਾ:) ਵੱਲੋਂ ਵੱਖ-ਵੱਖ ਸਮੇਂ ਤੇ ਪਾਈਆਂ ਗਈਆਂ ਅਪੀਲਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

6. ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜ: ਇੰਜੀ: (ਹੁਣ ਰਿਟਾ:) ਵੱਲੋਂ ਯੋਗ ਪ੍ਰਣਾਲੀ ਰਾਹੀਂ ਆਪਣੀ ਸਜ਼ਾ ਰੱਦ ਕਰਵਾਉਣ ਲਈ ਮੁੱਖ ਇੰਜੀਨੀਅਰ/ਆਰ.ਐਸ.ਡੀ.ਸੀ. ਨੂੰ ਅਪੀਲ ਪਾਈ ਗਈ ਸੀ। ਜਿਸ ਸਬੰਧ ਵਿੱਚ ਮੁੱਖ ਇੰਜੀਨੀਅਰ/ਆਰ.ਐਸ.ਡੀ.ਸੀ.ਵੱਲੋਂ ਆਪਣੇ ਯੂ.ਓ. ਨੰ: 9/L, ਮਿਤੀ 03.03.2015 ਰਾਹੀਂ ਭੇਜੇ ਗਏ ਗਰੀਨ-ਨੋਟ ਦੇ ਸਬੰਧ ਵਿੱਚ ਓ.ਐਸ.ਡੀ./ਲੀਗਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਵੀ ਹੱਥਲੇ ਮਾਮਲੇ ਸਬੰਧੀ ਆਪਣੀ ਸਲਾਹ ਦਿੱਤੀ ਗਈ। ਓ.ਐਸ.ਡੀ./ਲੀਗਲ ਵੱਲੋਂ ਦਿੱਤੀ ਗਈ ਸਲਾਹ ਦਾ ਓਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਦਰਸਾਇਆ ਜਾਂਦਾ ਹੈ:-

> "This office is of the considered opinion that the undertaking given by the officer in the Hon'ble High Court was in the interest of the State in order to dispose of the contempt proceedings. The officer has no where stated that he will not avail the departmental remedy available to him under CSR-Rules. As the punishment to the officer has been awarded by the Government and not by the Court so the officer can avail his right to appeal as per rules for reconsidering his case in the interest of justice."

7. ਜਿਵੇਂ ਕਿ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਰਿਟਾ:) ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 1268/2016-ਅਸ਼ਵਨੀ ਕੁਮਾਰ ਸ਼ਰਮਾ ਬਨਾਮ ਪੰਜਾਬ ਸਰਕਾਰ ਦਾਇਰ ਕੀਤੀ ਗਈ ਸੀ, ਜਿਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਹੇਠ ਅਨੁਸਾਰ ਆਦੇਸ਼ ਦਿੱਤੇ ਗਏ ਹਨ:-

> "In response to notice of motion, reply has been filed by respondents No. 1 and 2. In para 6 of the written statement, it has been mentioned that review/representation filed by the petitioner and addressed to Secretary, Government of Punjab, Department of Irrigation, Chandigarh, was received by respondent No. 2 and the same has been forwarded to the Competent Authority i.e. Secretary to Government of Punjab, Department of Irrigation, Civil Secretariat, Chandigarh, which is still pending.
>
> In view of stand taken in the written statement and by considering the fact that review/representation filed by the petitioner is still pending before respondent No1, the present petition is disposed of with a direction of respondent No. 1 to decide the pending review/representation in accordance with law within a period of two months from the date of receipt of copy of this order by considering the facts as mentioned in the review/representation as per law and by hearing the petitioner, if necessary. In case, the petitioner is found to entitled for the relief sought in the review/representation, the same be granted to him within a period of two months thereafter. In case, the petitioner is still aggrieved by any action of respondent No. 1, he is liberty to avail the appropriate remedy."

8. ਜਿਵੇਂ ਕਿ, ਅਸ਼ਵਨੀ ਕੁਮਾਰ ਸ਼ਰਮਾ, ਕਾਰਜ: ਇੰਜੀ: (ਰਿਟਾ:) ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਕਤ ਹੁਕਮਾਂ ਦੇ ਸਨਮੁੱਖ ਮੁੜ ਅਪੀਲ/ਪ੍ਰਤੀਬੇਨਤੀ (ਦਸਤਾਵੇਜਾਂ ਸਮੇਤ) ਸਰਕਾਰ ਨੂੰ ਦਿੱਤੀ ਗਈ। ਰਿਟਾਇਰਡ ਅਧਿਕਾਰੀ ਵੱਲੋਂ ਆਪਣੀ ਪ੍ਰਤੀਬੇਨਤੀ ਵਿੱਚ ਦੱਸਿਆ ਗਿਆ ਕਿ ਉਹ

ਨਿਰਦੋਸ਼ ਹੈ ਅਤੇ ਉਸਨੂੰ ਜੋ ਤਿੰਨ ਸਲਾਨਾਂ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ ਸਜ਼ਾ ਦਿੱਤੀ ਗਈ ਹੈ, ਉਹ ਬਹੁਤ ਵੱਡੀ ਸਜ਼ਾ ਹੈ, ਜਿਸ ਕਰਕੇ ਉਹ ਪ੍ਰੇਸ਼ਾਨ ਹੈ।

9. ਜਿਵੇਂ ਕਿ, ਸਿਵਲ ਰਿੱਟ ਪਟੀਸ਼ਨ ਨੰ: 1268/2016-ਅਸ਼ਵਨੀ ਕੁਮਾਰ ਸ਼ਰਮਾ ਬਨਾਮ ਪੰਜਾਬ ਸਰਕਾਰ ਵਿੱਚ ਮਾਨਯੋਗ ਕੋਰਟ ਵੱਲੋਂ ਮਿਤੀ 25.10.2016 ਨੂੰ ਕੀਤੇ ਗਏ ਹੁਕਮਾਂ ਅਤੇ ਰਿਟਾਇਰਡ ਅਧਿਕਾਰੀ ਵੱਲੋਂ ਦਿੱਤੀ ਗਈ ਅਪੀਲ/ਪ੍ਰਤੀਬੇਨਤੀ ਦੇ ਸਨਮੁੱਖ ਸਕੱਤਰ, ਸਿੰਚਾਈ ਜੀ ਦੁਆਰਾ ਉਸਨੂੰ ਮਿਤੀ 19.01.2017 ਨੂੰ ਨਿੱਜੀ ਤੌਰ ਤੇ ਸੁਣਿਆ ਗਿਆ। ਨਿੱਜੀ ਸੁਣਵਾਈ ਦੌਰਾਨ ਰਿਟਾਇਰਡ ਅਧਿਕਾਰੀ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ/ਦਲੀਲਾਂ ਅਤੇ ਮਾਨਯੋਗ ਕੋਰਟ ਦੇ ਹੁਕਮਾਂ ਤਹਿਤ ਅਧਿਕਾਰੀ ਸਾਹਿਬਾਨ ਵੱਲੋਂ ਇਹ ਪਾਇਆ ਗਿਆ ਕਿ ਇਸ ਸਟੇਜ ਤੇ ਰਿਟਾਇਰਡ ਅਧਿਕਾਰੀ ਦੇ ਕੇਸ ਤੇ ਰੀਵਿਊ ਕੀਤਾ ਜਾ ਸਕਦਾ ਹੈ। ਉਸ ਵੱਲੋਂ ਦਰਸਾਈ ਗਈ ਸਥਿੱਤੀ ਨੂੰ ਉਚਿੱਤ ਪਾਉਂਦੇ ਹੋਏ, ਸਕੱਤਰ, ਸਿੰਚਾਈ ਜੀ ਵੱਲੋਂ ਉੱਚ ਅਧਿਕਾਰੀ ਸਾਹਿਬਾਨ ਵੱਲੋਂ ਇਹ ਤਜਵੀਜ਼ ਕੀਤਾ ਗਿਆ ਕਿ ਅਧਿਕਾਰੀ ਦੀ ਸਜ਼ਾ ਘਟਾ ਕੇ ਇੱਕ ਇੰਕਰੀਮੈਂਟ, ਬਿਨ੍ਹਾਂ ਭਵਿੱਖੀ ਅਸਰ ਤੋਂ ਬੰਦ ਕੀਤੀ ਜਾਵੇ। ਜਿਸ ਦੇ ਸਨਮੁੱਖ ਮਾਨਯੋਗ ਵਧੀਕ ਮੁੱਖ ਸਕੱਤਰ, ਸਿੰਚਾਈ/ਮਾਨਯੋਗ ਸਿੰਚਾਈ ਮੰਤਰੀ ਜੀ ਵੱਲੋਂ ਰਿਟਾਇਰਡ ਅਧਿਕਾਰੀ ਦੀ ਸਜ਼ਾ ਘਟਾਉਣ ਸਬੰਧੀ ਆਪਣੀ ਪ੍ਰਵਾਨਗੀ ਦਿੱਤੀ ਗਈ।

10. ਹੁਣ ਉਕਤ ਦਰਸਾਈ ਸਮੂਹ ਸਥਿੱਤੀ ਦੇ ਸਨਮੁੱਖ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜ: ਇੰਜੀ: (ਹੁਣ ਰਿਟਾ:) ਨੂੰ ਸਰਕਾਰ ਦੇ ਪੱਤਰ ਨੰ: 18/08/2012-1ਸਿੰਪ੍ਰੋ(1)/195-198, ਮਿਤੀ 25.01.2013 ਰਾਹੀਂ ਤਿੰਨ ਸਲਾਨਾਂ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ ਦਿੱਤੀ ਗਈ ਸਜ਼ਾ ਤੇ ਮੁੜ ਵਿਚਾਰ ਕਰਦੇ ਹੋਏ, ਇਸ ਰਿਟਾਇਰਡ ਅਧਿਕਾਰੀ ਦੀ ਸਜ਼ਾ ਘਟਾ ਕੇ ਇੱਕ ਇੰਕਰੀਮੈਂਟ ਬਿਨ੍ਹਾਂ ਭਵਿੱਖੀ ਅਸਰ ਤੋਂ ਬੰਦ ਕੀਤੀ ਜਾਂਦੀ ਹੈ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਕੇ.ਬੀ.ਐਸ.ਸਿੱਧੂ, ਆਈ.ਏ.ਐਸ.**
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ:
10 ਮਾਰਚ, 2017

**ਪਿੱਠ ਅੰਕਣ ਨੰ: 18/08/2012-1ਸਿੰਪ੍ਰੋ(1)/** 942474/3 **ਮਿਤੀ, ਚੰਡੀਗੜ੍ਹ:** 21-03-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
(2) ਮੁੱਖ ਇੰਜੀਨੀਅਰ/ਚੌਕਸੀ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
(3) ਇੰਚਾਰਜ ਕੰਪਿਊਟਰ ਸੈੱਲ, ਮੁੱਖ ਦਫ਼ਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ; ਅਤੇ
(4) ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਕਾਰਜਕਾਰੀ ਇੰਜੀਨੀਅਰ (ਰਿਟਾ:), ਫਲੈਟ ਨੰ: 85, ਐਫ.ਐਫ., ਬੀ.-ਬਲਾਕ, ਰਣਜੀਤ ਐਵੇਨਿਊ, ਅੰਮ੍ਰਿਤਸਰ।

ਸੁਪਰਡੰਟ

ਅੰਦਰੂਨੀ ਵੰਡ:

- ਨਿੱ:ਸ:/ਸਪੈਸ਼ਲ ਮੁੱਖ ਸਕੱਤਰ, ਸਿੰਚਾਈ;
- ਨਿੱ:ਸ:/ਪ੍ਰਮੁੱਖ ਸਕੱਤਰ, ਸਿੰਚਾਈ; ਅਤੇ
- ਨਿੱ:ਸ:/ਸਕੱਤਰ, ਸਿੰਚਾਈ।

21 MAR 2017

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 207 ਮਿਤੀ 21-03-17